# ਸਮਾਜ, ਸਿਆਸਤ ਤੇ ਸਾਹਿਤ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਇਹ ਨੌਜਵਾਨ ਲੇਖਕ ਭੀਮਇੰਦਰ ਸਿੰਘ ਦੀ ਕਿਤਾਬ ਦਾ ਨਾਂ ਹੈ। ਇਸ ਵਿਚਾਰ-ਚਰਚਾ ਵਿਚ ਇਸ ਕਿਤਾਬ ਦੀ ਚਰਚਾ ਅਜੋਕੇ ਸਮਾਜ ਦੇ ਪ੍ਰਸੰਗ ਵਿਚ ਕੀਤੀ ਜਾ ਰਹੀ ਹੈ।

ਦੇਸ਼ ਵਿਚ ਜੋ ਰਾਜਸੀ ਸੱਭਿਆਚਾਰ ਅਤੇ ਆਰਥਕ ਵਰਤਾਰਾ ਚੱਲ ਰਿਹਾ ਹੈ ਅਤੇ ਜੇ ਇਹ ਕਹਿ ਲਈਏ ਇਕ ਸੰਕਟਮਈ ਅਵਸਥਾ ਦਾ ਦੇਸ਼ ਸ਼ਿਕਾਰ ਹੈ, ਉਹਨੂੰ ਸਮਝਣ ਲਈ ਕਿਸੇ ਨਾ ਕਿਸੇ ਵਿਧੀ ਦਾ ਅਪਣਾਉਣਾ ਜ਼ਰੂਰੀ ਹੈ। ਮਾਰਕਸਵਾਦ ਜਾਂ ਮਾਰਕਸੀ ਦ੍ਰਿਸ਼ਟੀਕੋਣ ਇਕ ਅਹਿਮ ਵਿਧੀ ਹੈ। ਇਸ ਵਿਧੀ ਦੀ ਆਪਣੀ ਇਕ ਨਿਯਮਾਲੀ ਹੈ। ਸਮਾਜ ਦੀ ਵਿਆਖਿਆ ਲਈ ਇਹਦੇ ਕੋਲ ਠੋਸ ਆਧਾਰ ਹਨ। ਰੂਸ ਦੇ ਢਹਿ-ਢੇਰੀ ਹੋਣ ਤੋਂ ਬਾਅਦ ਕਿਹਾ ਜਾਣ ਲੱਗ ਪਿਆ ਸੀ ਕਿ ਮਾਰਕਸਵਾਦ ਹੁਣ ਵੇਲਾ ਵਿਹਾ ਚੁੱਕਾ ਸਿਧਾਂਤ ਹੈ। ਉਹ ਲੋਕ ਜੋ ਇਸ ਸਮਾਜ ਦੀਆਂ ਸਾਰੀਆਂ ਸਹੂਲਤਾਂ ਮਾਣ ਰਹੇ ਹਨ ਤੇ ਬੁੱਧੀਜੀਵੀਆਂ ਦਾ ਇਕ ਵਰਗ ਵੀ ਉਹਨਾਂ ਵਿਚ ਸ਼ਾਮਲ ਹੈ, ਉਹਨਾਂ ਖ਼ੁਸ਼ੀ ਪ੍ਰਗਟ ਕੀਤੀ ਤੇ ਨਾਲ ਇਹ ਵੀ ਐਲਾਨ ਕੀਤਾ ਕਿ ਸਮਾਜਿਕ ਨਿਆਂ ਦੀ ਗੱਲ ਐਵੇਂ ਇਕ ਸੁਪਨਾ ਹੈ। ਇਸ ਦੁਨੀਆ ਤੇ ਹਮੇਸ਼ਾ ਤੋਂ ਇਹ ਵਰਤਾਰਾ ਚੱਲ ਰਿਹਾ ਹੈ ਕਿ ਕੁੱਝ ਲੋਕ ਗ਼ਰੀਬ ਹੋਣਗੇ ਤੇ ਕੁਝ ਅਮੀਰ, ਇਹ ਕੁਦਰਤੀ ਹੈ। ਇਹ ਉਹਨਾਂ ਦੀ ਖ਼ੁਸ਼ਫਹਿਮੀ ਸੀ। ਪਾਸ਼ ਦੀ ਇਕ ਕਵਿਤਾ 'ਤੂਫ਼ਾਨਾਂ ਨੇ ਕਦੇ ਵੀ ਮਾਤ ਨਹੀਂ ਖਾਧੀ' ਉਨ੍ਹਾਂ ਨੂੰ ਜਵਾਬ ਹੈ :

ਹਵਾ ਦੇ ਰੁਖ਼ ਬਦਲਣ 'ਤੇ
ਬੜੇ ਨੱਚੇ, ਬੜੇ ਟੱਪੇ
ਜਿਨ੍ਹਾਂ ਦੇ ਸ਼ਾਮਿਆਨੇ ਡੋਲ ਚੁੱਕੇ ਸਨ
ਉਨ੍ਹਾਂ ਐਲਾਨ ਕਰ ਦਿੱਤਾ
ਕਿ ਰੁੱਖ ਹੁਣ ਸ਼ਾਂਤ ਹੋ ਗਏ ਹਨ
ਕਿ ਹੁਣ ਤੂਫ਼ਾਨ ਦਾ ਦਮ ਟੁੱਟ ਚੁੱਕਿਆ ਹੈ
ਸੁਣੋ ਓ ਭਰਮਾਂ ਦੇ ਪੁੱਤੋ
ਹਵਾ ਬੰਦ ਨਹੀਂ ਹੋ ਸਕਦੀ...
ਜਦੋਂ ਤੱਕ ਧਰਤ ਦਾ ਮੁਖੜਾ
ਟਹਿਕ ਗੁਲਜ਼ਾਰ ਨਹੀਂ ਹੁੰਦਾ
ਤੁਹਾਡੇ ਸ਼ਾਮਿਆਨੇ ਅੱਜ ਵੀ ਡਿੱਗੇ
ਭਲਕ ਵੀ ਡਿੱਗੇ
ਹਵਾ ਨੇ ਦਿਸ਼ਾ ਬਦਲੀ ਹੈ
ਹਵਾ ਬੰਦ ਹੋ ਨਹੀਂ ਸਕਦੀ
ਹਵਾ ਇਸੇ ਦਿਸ਼ਾ 'ਤੇ ਫੇਰ ਵਗਣੀ ਹੈ
ਤੂਫ਼ਾਨਾਂ ਨੇ ਕਦੀ ਵੀ ਮਾਤ ਨਹੀਂ ਖਾਧੀ...

ਮਾਰਕਸਵਾਦ ਸਬੰਧਤ ਅਜੋਕੇ ਸੰਵਾਦ ਬਾਰੇ ਅੰਗਰੇਜ਼ੀ ਵਿਚ ਬਹੁਤ ਸਾਰਾ ਸਾਹਿਤ ਮਿਲਦਾ ਹੈ, ਪਰ ਪੰਜਾਬੀ ਵਿਚ ਲਿਖਣ ਵਾਲੇ ਬਹੁਤ ਘੱਟ ਹਨ। ਇਹ ਇਕ ਸ਼ੁਭ ਗੱਲ ਹੈ ਕਿ ਨੌਜਵਾਨ ਲੇਖਕ ਭੀਮਇੰਦਰ ਸਿੰਘ ਨੇ ਇਸ ਵੱਲ ਧਿਆਨ ਦਿੱਤਾ ਹੈ ਅਤੇ ਉਹਦੀ ਇਹ ਕਿਤਾਬ ਸਮਾਜ, ਸਿਆਸਤ ਤੇ ਸਾਹਿਤ ਪੰਜਾਬੀ ਪਾਠਕਾਂ ਨੂੰ ਪਛਾਣ ਲਈ ਮਿਲੀ ਹੈ। ਭੀਮਇੰਦਰ ਸਿੰਘ ਨੇ ਮਾਰਕਸੀ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹੋਏ ਕੁਝ ਲੇਖ ਲਿਖੇ ਹਨ। ਉਹ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਇਹ ਲੇਖ ਹਨ : ਸਮਾਜ, ਸਿਆਸਤ ਤੇ ਸਾਹਿਤ, ਭਾਰਤੀ ਜਾਤੀ ਵੰਡ : ਕੁੱਝ ਬੁਨਿਆਦੀ ਨੁਕਤੇ, ਔਰਤ ਦੀ ਹਕੀਕੀ ਆਜ਼ਾਦੀ ਦੀ ਲੋੜ, ਰਾਜਨੀਤੀ ਤੇ ਜੰਗ, ਪ੍ਰਗਤੀਵਾਦੀ ਸਾਹਿਤਕ ਲਹਿਰ : ਪੁਨਰ ਮੁਲਾਂਕਣ, ਪ੍ਰਗਤੀਵਾਦੀ ਸਾਹਿਤਕਾਰ ਨੂੰ ਦਰਪੇਸ਼ ਚੁਣੌਤੀਆਂ, ਵਿਸ਼ਵੀਕਰਨ/ਉਦਾਰੀਕਰਨ ਤੇ ਪੰਜਾਬੀ ਕਹਾਣੀ, ਰਾਜਸੀ ਭ੍ਰਿਸ਼ਟਾਚਾਰ ਤੇ ਪੰਜਾਬੀ ਕਹਾਣੀ, ਪੰਜਾਬ ਦੀ ਵੰਡ ਤੇ ਪੰਜਾਬੀ ਕਹਾਣੀ, ਨਕਸਲਬਾੜੀ ਲਹਿਰ ਤੇ ਪੰਜਾਬੀ ਕਹਾਣੀ, ਪੰਜਾਬ ਸਮੱਸਿਆ ਤੇ ਪੰਜਾਬੀ ਕਹਾਣੀ, ਸਿੱਖ ਵਿਆਖਿਆਕਾਰ ਤੇ ਕਵੀ/ਭਾਈ ਵੀਰ ਸਿੰਘ, ਨਾਨਕ ਸਿੰਘ : ਜੀਵਨ ਤੇ ਰਚਨਾ ਅਤੇ ਯੁੱਗ ਕਵਿੱਤਰੀ ਅੰਮ੍ਰਿਤਾ ਪ੍ਰੀਤਮ। ਇਹ ਲੇਖਕਾਂ ਦੀ ਸੂਚੀ ਹੀ ਇਸ ਕਿਤਾਬ ਦੀ ਵਿਸ਼ਾਲਤਾ ਦਾ ਪ੍ਰਮਾਣ ਹੈ। ਹਰ ਇਕ ਲੇਖ ਵਿਚ ਜੋ ਵਿਧੀ ਅਪਣਾਈ ਗਈ ਹੈ, ਉਹ ਪਹਿਲਾਂ ਸੰਵਾਦ ਦਾ ਪਿਛੋਕੜ ਹੈ, ਫੇਰ ਇਹਦੀ ਵਿਆਖਿਆ ਹੈ ਅਤੇ ਅਖ਼ੀਰ ਵਿਚ ਮਾਰਕਸੀ ਦ੍ਰਿਸ਼ਟੀ ਤੋਂ ਉਹਦਾ ਨਿਚੋੜ ਹੈ। ਬਹੁਤ ਸਾਦਾ ਅਤੇ ਸਪੱਸ਼ਟ ਸ਼ੈਲੀ ਵਿਚ ਕੁਝ ਨਤੀਜੇ ਕੱਢੇ ਗਏ ਹਨ, ਜੋ ਪਾਠਕ ਨੂੰ ਪ੍ਰਭਾਵਿਤ ਕਰਦੇ ਹਨ। ਲੇਖਕ ਨੇ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦੀ ਲਿਖੀ ਹੋਈ 'ਡਰੀਮ ਲੈਂਡ' ਦੀ ਭੂਮਿਕਾ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਆਪਣੀ ਇਸ ਕਿਤਾਬ ਦੀ ਭੂਮਿਕਾ ਵੱਜੋਂ ਚੁਣਿਆ ਹੈ। ਇਹ ਭੂਮਿਕਾ ਆਪਣੇ-ਆਪ ਵਿਚ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਭਗਤ ਸਿੰਘ ਨੇ ਜਮਾਤੀ ਸੰਘਰਸ਼ ਦੀ ਬੜੀ ਬੇਬਾਕ ਤੇ ਸਪੱਸ਼ਟ ਵਿਆਖਿਆ ਕੀਤੀ ਹੈ। ਭੀਮਇੰਦਰ ਸਿੰਘ ਨੇ ਆਪਣੇ ਲੇਖ ਵਿਚ ਇਸ ਵਿਧੀ ਨੂੰ ਅਪਣਾਇਆ ਹੈ। ਲੇਖ ਸਮਾਜ, ਸਿਆਸਤ ਤੇ ਸਾਹਿਤ ਵਿਚ ਉਹ ਆਪਣੀ ਦਲੀਲ ਇਸ ਤਰ੍ਹਾਂ ਅੰਕਿਤ ਕਰਦਾ ਹੈ :

"ਸਾਹਿਤਕਾਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਿਆਸੀ ਘਟਨਾਵਾਂ ਨੂੰ ਵੇਖਦਾ, ਵਾਚਦਾ ਤੇ ਘੋਖਦਾ ਹੀ ਨਹੀਂ ਬਲਕਿ ਉਹਨਾਂ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਉਹ ਆਪਣੀਆਂ ਸਮਕਾਲੀ ਸਿਆਸੀ ਪ੍ਰਸਥਿਤੀਆਂ ਤੋਂ ਪ੍ਰਾਪਤ ਅਨੁਭਵ ਨੂੰ ਆਪਣੀ ਰਚਨਾ ਵਿਚ ਪੇਸ਼ ਕਰਦਾ ਹੈ। ਇਉਂ ਉਸਦੀ ਰਚਨਾ ਵਿਚ ਸਿਆਸੀ ਤੱਤਾਂ ਦਾ ਪ੍ਰਵੇਸ਼ ਹੁੰਦਾ ਹੈ। ਸਿਆਸਤ ਦਾ ਜਨ-ਸਾਧਾਰਨ ਦੇ ਜੀਵਨ ਨਾਲ ਅਤਿ ਨੇੜੇ ਦਾ ਸਬੰਧ ਹੋਣ ਕਰਕੇ ਸਮਾਜ ਦੀ ਹੋਂਦ, ਬਣਤਰ, ਵਿਕਾਸ, ਦਵੰਦ ਚੰਗੀ-ਮਾੜੀ ਦਿਸ਼ਾ ਤੇ ਦਸ਼ਾ ਆਦਿ ਵਿਚ ਮਹੱਤਵਪੂਰਨ ਰੋਲ ਅਦਾ ਕਰਦੀ ਹੈ, ਇਸ ਤਰ੍ਹਾਂ ਸਾਹਿਤਕਾਰ ਦੀ ਮਨੁੱਖੀ ਦ੍ਰਿਸ਼ਟੀਕੋਣ ਤੋਂ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਉਹਨਾਂ ਜਮਾਤਾਂ ਦਾ ਸਾਥ ਦੇਵੇ ਜਿਹੜੀਆਂ ਅਮਾਨਵੀ, ਪਿਛਾਂਹਖਿੱਚੂ ਤੇ ਭ੍ਰਿਸ਼ਟ ਰਾਜਸੱਤਾ ਨੂੰ ਬਦਲ ਕੇ ਮਨੁੱਖ ਹਿਤੈਸ਼ੀ ਰਾਜ ਸਥਾਪਤ ਕਰਨਾ ਚਾਹੁੰਦੀਆਂ ਹਨ। ਸਾਹਿਤਕਾਰ ਦਾ ਇਹ ਇਤਿਹਾਸਕ ਫ਼ਰਜ਼ ਹੈ ਕਿ ਉਹ ਆਪਣੇ ਸਿਆਸੀ ਵਿਚਾਰ ਕਰਨ ਸਮੇਂ ਰਚਨਾ ਦੀ ਮੌਲਿਕਤਾ ਦੇ ਨਾਲ-ਨਾਲ ਉਸਦੇ ਗੌਰਵ ਨੂੰ ਵੀ ਕਾਇਮ ਰੱਖੇ। ਅਜਿਹੀ ਰਚਨਾ ਹੀ ਸਮਾਜ ਤੇ ਸਿਆਸਤ ਵਿਚ ਕਾਰਗਰ ਸਿੱਧ ਹੋਣ ਤੋਂ ਇਲਾਵਾ ਸਿਆਸਤ ਦੇ ਮਾਰਗ-ਦਰਸ਼ਨ ਨੂੰ ਪ੍ਰਭਾਵਿਤ ਕਰਦੀ ਹੈ...."।

ਅੱਜ ਜਦੋਂ ਸੰਜੀਦਾ ਸੰਵਾਦ ਇਕ ਸੀਮਤ ਦਾਇਰੇ ਵਿਚ ਮਹਿਦੂਦ ਹੋ ਗਿਆ ਹੈ, ਇਸ ਕਿਤਾਬ ਦਾ ਛਪਣਾ ਆਪਣੇ-ਆਪ ਵਿਚ ਇਕ ਮੁਬਾਰਕ ਗੱਲ ਹੈ।

6th August 2,000